# Linkt Assist

## ਮੁਸ਼ਕਿਲ ਹਾਲਾਤਾਂ ਵਿੱਚ ਤੁਹਾਡੀ ਸਹਾਇਤਾ ਕਰਨਾ

ਕਈ ਵਾਰ ਜਿੰਦਗੀ ਯੋਜਨਾ ਮੁਤਾਬਿਕ ਨਹੀਂ ਚਲਦੀ।

ਜੇ ਤੁਸੀਂ ਆਪਣੀਆਂ ਟੋਲ ਫੀਸਾਂ ਦਾ ਭੁਗਤਾਨ ਕਰਨਾ ਚਾਹੁੰਦੇ ਹੋ ਪਰ ਹਾਲ ਦੀ ਘੜੀ ਆਪਣੇ ਭੁਗਤਾਨਾਂ ਦਾ ਬੰਦੋਬਸਤ ਨਹੀਂ ਕਰ ਸਕਦੇ, ਤਾਂ Linkt Assist ਟੀਮ ਮਦਦ ਕਰ ਸਕਦੀ ਹੈ।



# Linkt Assist ਕੋਲੋਂ ਸਹਾਇਤਾ ਕੌਣ ਲੈ ਸਕਦਾ ਹੈ?

ਜੇ ਵਿੱਤੀ ਜਾਂ ਸਮਾਜਕ ਚੁਣੌਤੀਆਂ ਤੁਹਾਡੇ ਲਈ ਟੋਲ ਭੁਗਤਾਨਾਂ ਦਾ ਬੰਦੋਬਸਤ ਕਰਨਾ ਮੁਸ਼ਕਿਲ ਬਣਾ ਰਹੀਆਂ ਹਨ, ਤਾਂ ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ। ਅਸੀਂ ਸਮਝਦੇ ਹਾਂ ਕਿ ਕਈ ਕਾਰਕ ਵਿੱਤੀ ਜਾਂ ਸਮਾਜਕ ਚੁਣੌਤੀਆਂ ਵਿੱਚ ਯੋਗਦਾਨ ਪਾ ਸਕਦੇ ਹਨ, ਅਤੇ ਇਹਨਾਂ ਵਿੱਚ ਇਹ ਸ਼ਾਮਲ ਹੋ ਸਕਦੇ ਹਨ:

- ਬੇਰੁਜ਼ਗਾਰੀ ਜਾਂ ਆਮਦਨੀ ਦਾ ਨੁਕਸਾਨ
- ਪਰਿਵਾਰ ਦਾ ਟੁੱਟਣਾ
- ਪਰਿਵਾਰ ਵਿੱਚ ਬੀਮਾਰੀ ਜਾਂ ਮੌਤ
- ਸੰਭਾਲ ਕਰਤਾ ਦੀਆਂ ਜ਼ਿੰਮੇਵਾਰੀਆਂ
- ਪਰਿਵਾਰਕ ਹਿੰਸਾ
- ਸਰੀਰਕ ਜਾਂ ਮਾਨਸਿਕ ਸਿਹਤ ਅਵਸਥਾਵਾਂ
- ਅਪੰਗਤਾ
- ਬੇਘਰਤਾ
- ਨਸ਼ੇ ਦੀ ਲਤ
- ਸੱਭਿਆਚਾਰਕ ਜਾਂ ਭਾਸ਼ਾਈ ਰੁਕਾਵਟਾਂ

# Linkt Assist ਟੀਮ ਤੁਹਾਡੀ ਸਹਾਇਤਾ ਕਿਵੇਂ ਕਰ ਸਕਦੀ ਹੈ

ਸਾਡੀ ਗੁਪਤ ਸਹਾਇਤਾ ਤੁਹਾਡੀਆਂ ਪਰਿਵਰਤਨਸ਼ੀਲ ਲੋੜਾਂ ਮੁਤਾਬਕ ਢਾਲ਼ੀ ਗਈ ਹੈ, ਇਸ ਲਈ ਜੇ ਤੁਸੀਂ ਸੋਚਦੇ ਹੋ ਕਿ ਅਸੀਂ ਮਦਦ ਕਰ ਸਕਦੇ ਹਾਂ, ਤਾਂ ਜਿੰਨੀ ਛੇਤੀ ਹੋ ਸਕੇ ਸਾਡੇ ਨਾਲ ਸੰਪਰਕ ਕਰੋ।

ਅਸੀਂ ਹੇਠ ਲਿਖਿਆਂ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ:

- ਤੁਹਾਡੀ ਟੋਲ ਸੜਕ ਯਾਤਰਾ ਵਾਸਤੇ ਭੁਗਤਾਨ ਕਰਨ ਲਈ ਵਧੇਰੇ ਸਮਾਂ
- ਇੱਕ ਨਿਰੰਤਰ ਭੁਗਤਾਨ ਯੋਜਨਾ
- ਰਾਜ ਦੇ ਕਨੂੰਨ ਲਾਗੂ ਕਰਨ ਵਾਲੇ ਗਰੁੱਪਾਂ ਅਤੇ ਹੋਰ ਟੋਲ ਸੜਕ ਆਪਰੇਟਰਾਂ ਨੂੰ ਤੁਹਾਡੀ ਪ੍ਰਸਥਿਤੀ ਬਾਰੇ ਦੱਸਣਾ (ਤੁਹਾਡੀ ਸਹਿਮਤੀ ਦੇ ਨਾਲ)
- ਤੁਹਾਡੀਆਂ ਵਿਅਕਤੀਗਤ ਲੋੜਾਂ ਲਈ ਵਿਸ਼ੇਸ਼ ਤੌਰ ’ਤੇ ਤਿਆਰ ਕੀਤੀ ਸਹਾਇਤਾ

# ਅਸੀਂ ਇੱਥੇ ਤੁਹਾਡੇ ਲਈ ਹਾਂ

ਜੇ ਆਪਣੀਆਂ ਟੋਲ ਫੀਸਾਂ ਦਾ ਭੁਗਤਾਨ ਕਰਨ ਵਾਸਤੇ ਤੁਹਾਨੂੰ ਸਹਾਇਤਾ ਦੀ ਲੋੜ ਹੈ, ਤਾਂ ਸਾਡੇ ਨਾਲ ਸੰਪਰਕ ਕਰੋ।

ਅੱਜ ਹੀ Linkt Assist ਟੀਮ ਨੂੰ 1300 767 865 ’ਤੇ ਕਾਲ ਕਰੋ, **linktassist@transurban.com** ’ਤੇ ਈਮੇਲ ਕਰੋ ਜਾਂ ਫਿਰ ਦੇਖੋ **linkt.com.au/assist**

ਜੇ ਤੁਸੀਂ ਤਰਜੀਹ ਦਿੰਦੇ ਹੋ, ਤਾਂ ਤੁਸੀਂ ਕਿਸੇ ਪ੍ਰਤੀਨਿਧੀ, ਜਿਵੇਂ ਕੋਈ ਭਾਈਚਾਰਾ ਭਲਾਈ ਸੰਸਥਾ, ਵਿੱਤੀ ਸਲਾਹਕਾਰ ਜਾਂ ਵਕੀਲ ਨੂੰ, ਤੁਹਾਡੇ ਵੱਲੋਂ ਸਾਨੂੰ ਕਾਲ ਕਰਨ ਲਈ ਕਹਿ ਸਕਦੇ ਹੋ।

Linkt

ਸੰਚਾਲਨ ਕਰਤਾ Transurban

*Linkt, Transurban Limited ABN 96 098 143 410 ਦਾ ਇੱਕ ਪੰਜੀਕਿਰਤ ਵਪਾਰਕ-ਚਿੰਨ੍ਹ ਹੈ।*